Australian Government

Department of Home Affairs

# ਬੇਈਮਾਨ ਰੁਜ਼ਗਾਰਦਾਤਾਵਾਂ ਨੂੰ ਨਸ਼ਿਾਨਾ ਬਣਾਉਣ ਲਈ ਨਵੇਂ ਕਾਨੂੰਨ

ਨਵੇਂ ਕਾਨੂੰਨ ਅਸਥਾਈ ਪ੍ਰਵਾਸੀ ਕਾਮਿਆਂ ਦਾ ਸ਼ੋਸ਼ਣ ਕਰਨ ਲਈ ਵੀਜ਼ਾ ਨਿਯਿਮਾਂ ਦੀ ਦੁਰਵਰਤੋਂ ਕਰਨ ਲਈ ਸਖ਼ਤ ਜੁਰਮਾਨੇ ਦੀ ਸ਼ੁਰੂਆਤ ਕਰਕੇ ਪ੍ਰਵਾਸੀਆਂ ਨੂੰ ਕੰਮ ਵਾਲੀ ਥਾਂ ਦੇ ਸ਼ੋਸ਼ਣ ਤੋਂ ਬਚਾਉਣਗੇ।

'ਰੁਜ਼ਗਾਰਦਾਤਾ ਵੱਲੋਂ ਕਾਨੂੰਨ ਦੀ ਪ੍ਰਾਲਣਾ ਨੂੰ ਮਜ਼ਬੂਤ ਕਰਨ ਦੇ ਕਾਨੂੰਨ' (Strengthening Employer Compliance Act) ਦੇ ਤਹਤਿ ਨਯਿਮ ਬੇਈਮਾਨ ਰੁਜ਼ਗਾਰਦਾਤਾਵਾਂ ਨੂੰ ਕਸਿੇ ਵਅਿਕਤੀ ਦੇ ਵੀਜ਼ਾ ਨਯਿਮਾਂ ਜਾਂ ਉਹਨਾਂ ਦੇ ਗ਼ੈਰ-ਕਾਨੂੰਨੀ ਪ੍ਰਵਾਸ ਦਰਜੇ ਦੀ ਵਰਤੋਂ ਕਰਕੇ ਉਹਨਾਂ ਦਾ ਕੰਮ ਵਾਲੀ ਥਾਂ 'ਤੇ ਸ਼ੋਸ਼ਣ ਹੋਣ ਤੋਂ ਰੋਕਣਗੇ। ਅਪਰਾਧਕਿ ਦੰਡਾਂ ਵੱਚਿ 2 ਸਾਲ ਦੀ ਜੇਲ੍ਹ ਅਤੇ/ਜਾਂ 360 ਪੈਨਲਟੀ ਯੂਨਟਿ (ਵਰਤਮਾਨ ਵੱਚਿ $118,800 ਦਾ) ਜੁਰਮਾਨਾ ਸ਼ਾਮਲਿ ਹੈ। ਇਸ ਸਵਿਲ ਪੈਨਲਟੀ ਵੱਚਿ 240 ਪੈਨਲਟੀ ਯੂਨਟਿ (ਵਰਤਮਾਨ ਵੱਚਿ $79,200) ਦਾ ਜੁਰਮਾਨਾ ਹੈ।

1 ਜੁਲਾਈ 2024 ਤੋਂ ਸ਼ੁਰੂ ਹੋਣ ਵਾਲੇ ਇਹ ਉਪਾਅ, ਕੰਮ ਅਤੇ ਗ਼ੈਰ-ਕੰਮ ਨਾਲ ਸੰਬੰਧਤਿ ਦੋਵਾਂ ਮਾਮਲਿਆਂ ਨੂੰ ਆਪਣੇ ਅਧੀਨ ਲਿਆਉਂਦੇ ਹਨ ਜੋ ਕੰਮ ਵਾਲੀ ਥਾਂ 'ਤੇ ਪੈਦਾ ਹੋ ਸਕਦੇ ਹਨ। ਇਸ ਵੱਚਿ ਉਹ ਸਥਤੀਆਂ ਸ਼ਾਮਲਿ ਹੋ ਸਕਦੀਆਂ ਹਨ ਜਵਿੇਂ ਕ ਿਕਸਿੇ ਮਜ਼ਦੂਰ 'ਤੇ ਆਪਣਾ ਪਾਸਪੋਰਟ ਸੌਂਪਣ, ਰਹਣਿ ਲਈ ਅਯੋਗ ਘਰ ਸਵੀਕਾਰ ਕਰਨ, ਅਣਚਾਹੀ ਜਨਿਸੀ ਗਤੀਵਧਿੀ ਵੱਚਿ ਸ਼ਾਮਲਿ ਹੋਣ ਜਾਂ ਵੀਜ਼ੇ ਨਾਲ ਸੰਬੰਧਤਿ ਕੰਮ ਕਰਨ ਦੀਆਂ ਪਾਬੰਦੀਆਂ ਦੀ ਉਲੰਘਣਾ ਕਰਨ ਲਈ ਦਬਾਅ ਪਾਉਣਾ। ਇਹ ਨਵੇਂ ਨਯਿਮ ਉਨ੍ਹਾਂ ਸਥਤੀਆਂ 'ਤੇ ਵੀ ਲਾਗੂ ਹੁੰਦੇ ਹਨ ਜੱਥੇ ਪ੍ਰਵਾਸੀ ਕਾਮਿਆਂ ਨੂੰ ਘੱਟ ਤਨਖ਼ਾਹ ਦੱਤੀ ਜਾਂਦੀ ਹੈ ਜਾਂ ਉਹਨਾਂ ਦਾ ਰੁਜ਼ਗਾਰਦਾਤਾ ਉਹਨਾਂ ਦੇ ਵੀਜ਼ੇ ਨੂੰ ਰੱਦ ਕਰਨ ਦੀ ਧਮਕੀ ਦੰਿਦਾ ਹੈ (ਰੁਜ਼ਗਾਰਦਾਤਾ ਵੀਜ਼ਾ ਰੱਦ ਨਹੀਂ ਕਰ ਸਕਦੇ ਹਨ)।

ਇੱਥੇ ਰੁਜ਼ਗਾਰ ਲੜੀ ਵਚਿਲੇ ਅਜਹਿੇ ਵਵਿਹਾਰ ਦੀਆਂ ਕੁੱਝ ਉਦਾਹਰਨਾਂ ਹਨ ਜੋ ਪ੍ਰਵਾਸੀਆਂ ਦਾ ਸ਼ੋਸ਼ਣ ਕਰਦੇ ਹਨ ਅਤੇ ਨਯਿਮਾਂ ਦੀ ਉਲੰਘਣਾ ਕਰਦੇ ਹਨ।

| ਅਸਥਾਈ ਪ੍ਰਵਾਸੀਆਂ ਨੂੰ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਨ ਲਈ ਮਜ਼ਬੂਰ ਕਰ ਰਹੇ ਰੁਜ਼ਗਾਰਦਾਤਾ | ਮਜ਼ਦੂਰ ਕਰਿਾਏ 'ਤੇ ਲੈਣ ਵਾਲੀ ਕੰਪਨੀ ਵੱਲੋਂ ਗ਼ੈਰ-ਦਸਤਾਵੇਜ਼ੀ ਪ੍ਰਵਾਸੀਆਂ ਦਾ ਸ਼ੋਸ਼ਣ ਕਰਨਾ | ਸ਼ੋਸ਼ਣ ਕਰਨ ਲਈ ਅਸਥਾਈ ਵੀਜ਼ਾ ਦਰਜ਼ੇ ਦੀ ਵਰਤੋਂ ਕਰਨ ਵਾਲਾ ਰੁਜ਼ਗਾਰਦਾਤਾ |
|---|---|---|
| ਇੱਕ ਨਵਾਂ ਨਯਿਮ ਉਹਨਾਂ ਰੁਜ਼ਗਾਰਦਾਤਾਵਾਂ ਅਤੇ ਤੀਜੀ-ਧਰਿ ਦੇ ਪ੍ਰਦਾਤਾਵਾਂ ਨੂੰ ਨਸ਼ਿਾਨਾ ਬਣਾਉਂਦਾ ਹੈ ਜੋ ਅਸਥਾਈ ਵੀਜ਼ਾ ਧਾਰਕਾਂ 'ਤੇ ਕੰਮ-ਸੰਬੰਧੀ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਨ ਲਈ ਦਬਾਅ ਪਾਉਂਦੇ ਹਨ।<br><br>ਕੇਸ ਅਧਐਿਨ<br><br>ਚੈਨ੍ਹ ਇੱਕ ਆਸਟ੍ਰੇਲੀਆਈ ਯੂਨੀਵਰਸਟਿੀ ਵੱਿਚ ਇੱਕ ਅੰਤਰਰਾਸ਼ਟਰੀ ਵਦਿਆਿਰਥੀ ਹੈ ਅਤੇ ਇੱਕ ਪੈਟਰੋਲ ਸਟੇਸ਼ਨ 'ਤੇ ਕੰਮ ਕਰਦਾ ਹੈ। ਚੈਨ੍ਹ ਆਪਣੇ ਰਹਣਿ-ਸਹਣਿ ਦੇ ਖ਼ਰਚਆਿਂ ਨੂੰ ਪੂਰਾ ਕਰਨ ਵੱਿਚ ਮੱਦਦ ਕਰਨ ਲਈ ਹਫ਼ਤੇ ਦੇ ਅੰਤ ਵੱਿਚ ਕੰਮ ਦੇ ਘੰਟੇ ਸਵੀਕਾਰ ਕਰਦਾ ਹੈ।<br><br>ਪਰ ਵਾਧੂ ਕੰਮ ਉਸ ਨੂੰ ਆਪਣੇ ਵਦਿਆਿਰਥੀ ਵੀਜੇ 'ਤੇ ਪੰਦਰਵਾੜੇ ਵੱਿਚ ਕੰਮ ਕਰਨ ਲਈ ਮਲਿਦੇ 48 ਘੰਟਆਿਂ ਦੀ ਸੀਮਾ ਤੋਂ ਉੱਪਰ ਲੈ ਜਾਂਦਾ ਹੈ। ਚੈਨ੍ਹ ਦਾ ਮੈਨੇਜਰ ਇਹ ਜਾਣਦਾ ਹੈ ਪਰ ਫਰਿ ਵੀ ਉਸਨੂੰ ਵਾਧੂ ਸ਼ਫਿਟਾਂ 'ਤੇ ਕੰਮ ਕਰਨ ਲਈ ਸੂਚੀਬੱਧ ਕਰਦਾ ਰਹੰਿਦਾ ਹੈ। ਉਸਦਾ ਮੈਨੇਜਰ ਚੈਨ੍ਹ ਨੂੰ ਘੱਟ ਤਨਖ਼ਾਹ ਵੀ ਦੇ ਰਹਿਾ ਹੈ।<br><br>ਚੈਨ੍ਹ ਆਪਣੇ ਬੌਸ ਨਾਲ ਘੱਟ ਤਨਖ਼ਾਹ ਦੇਣ ਦੇ ਮਾਮਲੇ ਨੂੰ ਉਠਾਉਂਦਾ ਹੈ। ਉਸਦਾ ਬੌਸ ਚੈਨ੍ਹ ਨੂੰ ਕਹੰਿਦਾ ਹੈ ਕ ਿਜੇਕਰ ਉਹ ਚੁੱਪ ਨਹੀਂ ਰਹੰਿਦਾ, ਤਾਂ ਉਹ ਚੈਨ੍ਹ ਦੇ ਉਸਦੀ ਅਧਕਿਾਰਤ ਸੀਮਾ ਤੋਂ ਵੱਧ ਕੰਮ ਕਰਨ ਦੀ ਸੂਚਨਾ ਅਧਕਿਾਰੀਆਂ ਨੂੰ ਦੇ ਦੇਵੇਗਾ ਅਤੇ ਉਸਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਕਸਿੇ ਨੂੰ ਘੱਟ ਤਨਖ਼ਾਹ ਦੇਣਾ ਜਾਂ ਕਸਿੇ ਨੂੰ ਆਪਣੀਆਂ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਕੇ ਕੰਮ ਕਰਨ ਦੇਣ ਦੀ ਮੰਨਜ਼ੂਰੀ ਦੇਣਾ ਪਹਲਿਾਂ ਹੀ ਕਾਨੂੰਨ ਦੇ ਖ਼ਲਿਾਫ਼ ਹੈ। ਇਨ੍ਹਾਂ ਨਵੇਂ ਉਪਾਵਾਂ ਦੇ ਤਹਤਿ, ਇਸ ਨਾਲ ਇੱਕ ਵਧੀਕ ਜ਼ੁਰਮ ਵੀ ਸ਼ੁਰੂ ਹੋ ਜਾਂਦਾ ਹੈ। | ਨਵਾਂ ਨਯਿਮ ਰੁਜ਼ਗੁਾਰਦਾਤਾਵਾਂ ਅਤੇ ਤੀਜੀ-ਧਰਿ ਪ੍ਰਦਾਤਾਵਾਂ ਨੂੰ ਨਸ਼ਿਾਨਾ ਬਣਾਉਂਦਾ ਹੈ ਜੋ ਗ਼ੈਰ-ਨਾਗਰਕਿਾਂ ਨੂੰ ਵੈਧ ਵੀਜ਼ੇ ਤੋਂ ਬਨਿਾਂ ਕੰਮ ਦੇ ਪ੍ਰਬੰਧਾਂ ਨੂੰ ਸਵੀਕਾਰ ਕਰਨ ਲਈ ਦਬਾਅ ਪਾਉਂਦੇ ਹਨ।<br><br>ਕੇਸ ਅਧਐਿਨ<br><br>123 ਇੱਕ ਮਜ਼ਦੂਰ ਭਰਤੀ ਕਰਨ ਵਾਲੀ ਕੰਪਨੀ ਹੈ ਜੋ ਆਸਟ੍ਰੇਲੀਆ ਭਰ ਵੱਿਚ ਬਾਗ਼ਬਾਨੀ ਕਾਰੋਬਾਰਾਂ ਨੂੰ ਕਾਮੇ ਭੇਜਦੀ ਹੈ। ਸੈਲੀ, ਜਸਿ ਦੇ ਸੈਲਾਨੀ ਵੀਜ਼ੇ ਦੀ ਮਆਿਦ ਪੁੱਗ ਚੁੱਕੀ ਹੈ, ਉਹਨਾਂ ਕਾਮਆਿਂ ਵੱਿਚ ਸ਼ਾਮਲਿ ਹੈ। ਕੰਪਨੀ ਨੂੰ ਪਤਾ ਹੈ ਕ ਿਸੈਲੀ ਆਸਟ੍ਰੇਲੀਆ ਵੱਿਚ ਬਨਿਾਂ ਕਸਿੇ ਜਾਇਜ਼ ਵੀਜ਼ੇ ਦੇ ਹੈ ਪਰ ਫਰਿ ਵੀ ਉਸ ਨੂੰ ਕੰਮ ਕਰਨ ਲਈ ਭੇਜ ਦੰਿਦੀ ਹੈ।<br><br>ਸੈਲੀ ਜਲਦੀ ਹੀ ਸਮਝ ਜਾਂਦੀ ਹੈ ਕ ਿਉਸ ਨੂੰ ਉਸਦੇ ਸਹਕਿਰਮੀਆਂ ਨਾਲੋਂ ਘੱਟ ਤਨਖ਼ਾਹ ਮਲਿ ਰਹੀ ਹੈ ਅਤੇ ਉਹ ਸ਼ਕਿਾਇਤ ਕਰਦੀ ਹੈ। ਕੰਪਨੀ ਉਸ ਨੂੰ ਕਹੰਿਦੀ ਹੈ ਕ ਿਉਸ ਨੂੰ ਪਹਲਿਾਂ ਹੀ ਕੰਮ ਨਹੀਂ ਕਰਨਾ ਚਾਹੀਦਾ ਸੀ ਅਤੇ ਜੇਕਰ ਉਸ ਨੇ ਸ਼ਕਿਾਇਤ ਕੀਤੀ ਤਾਂ ਕੰਪਨੀ ਉਸ ਬਾਰੇ ਅਧਕਿਾਰੀਆਂ ਨੂੰ ਰਪਿੋਰਟ ਕਰਨ ਦੀ ਧਮਕੀ ਦੰਿਦੀ ਹੈ।<br><br>ਇਹ ਮਜ਼ਦੂਰ ਭਰਤੀ ਕਰਨ ਵਾਲੀ ਕੰਪਨੀ ਪਹਲਿਾਂ ਹੀ ਕਾਨੂੰਨ ਦੀ ਉਲੰਘਣਾ ਕਰ ਰਹੀ ਹੈ ਕਉਿਂਕ ਿਉਹ ਸੈਲੀ ਨੂੰ ਬਨਿਾਂ ਵੈਧ ਵੀਜ਼ੇ ਦੇ ਕੰਮ ਕਰਨ ਦੀ ਆਗਆਿ ਦੇ ਰਹੀ ਹੈ ਅਤੇ ਉਸ ਨੂੰ ਘੱਟ ਤਨਖ਼ਾਹ ਦੇ ਰਹੀ ਹੈ। ਇਨ੍ਹਾਂ ਨਵੇਂ ਅਪਰਾਧਾਂ ਦੇ ਤਹਤਿ, ਇਸ ਮਜ਼ਦੂਰ ਭਰਤੀ ਕੰਪਨੀ ਨੂੰ ਵਾਧੂ ਅਪਰਾਧਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। | ਨਵਾਂ ਨਯਿਮ ਉਨ੍ਹਾਂ ਰੁਜ਼ਗੁਾਰਦਾਤਾਵਾਂ ਅਤੇ ਤੀਜੀ-ਧਰਿ ਪ੍ਰਦਾਤਾਵਾਂ ਨੂੰ ਨਸ਼ਿਾਨਾ ਬਣਾਉਂਦਾ ਹੈ ਜੋ ਅਸਥਾਈ ਵੀਜ਼ਾ ਧਾਰਕਾਂ ਨੂੰ ਕੰਮ ਦੇ ਪ੍ਰਬੰਧਾਂ ਨੂੰ ਸਵੀਕਾਰ ਕਰਨ ਜਾਂ ਸਹਮਿਤੀ ਦੇਣ ਲਈ ਦਬਾਅ ਪਾਉਂਦੇ ਹਨ - ਅਸਲ ਵੱਿਚ ਉਨ੍ਹਾਂ ਦੇ ਅਸਥਾਈ ਵੀਜ਼ਾ ਦਰਜੇ (ਜਾਂ ਭਵੱਿਖ ਦੇ ਵੀਜ਼ਾ ਦੀਆਂ ਇੱਛਾਵਾਂ) ਦੀ ਵਰਤੋਂ ਕਰਦੇ ਹੋਏ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ।<br><br>ਕੇਸ ਅਧਐਿਨ<br><br>ਨੌਂਿਤਆਿ ਇੱਕ ਯੁਵਾ IT ਕਰਮਚਾਰੀ ਹੈ ਜੋ ਆਸਟ੍ਰੇਲੀਆ ਵੱਿਚ ਕੰਮ ਕਰਨ ਲਈ ਸਪਾਂਸਰ ਕੀਤੀ ਗਈ ਹੈ। ਉਹ ਭਵੱਿਖ ਵੱਿਚ ਆਸਟ੍ਰੇਲੀਆ ਵੱਿਚ ਸਥਾਈ ਨਵਿਾਸੀ ਹੋਣ ਦੀ ਸੰਭਾਵਨਾ ਨੂੰ ਲੈ ਕੇ ਉਤਸ਼ਾਹਤਿ ਹੈ। ਉਸਦੀ ਨਵੀ ਨੌਕਰੀ ਸ਼ੁਰੂ ਹੋਣ ਤੋਂ ਤੁਰੰਤ ਬਾਅਦ, ਉਸਦਾ ਮੈਨੇਜਰ ਉਸ ਪ੍ਰਤੀ ਅਣਉਚਤਿ ਜਨਿਸੀ ਟੱਿਪਣੀਆਂ ਕਰਦਾ ਹੈ ਅਤੇ ਜਦੋਂ ਉਹ ਨੌਂਿਤਆਿ ਨਾਲ ਗੱਲ ਕਰਦਾ ਹੈ ਤਾਂ ਅਣਚਾਹੇ ਤਰੀਕੇ ਨਾਲ ਛੂੰਹਦਾ ਹੈ।<br>ਜਦੋਂ ਨੌਂਿਤਆਿ ਇਸ ਮਾਮਲੇ ਨੂੰ ਆਪਣੇ ਬੌਸ ਦੇ ਧਆਿਨ ਵੱਿਚ ਲਆਿਉਂਦੀ ਹੈ, ਤਾਂ ਉਹ ਕਹੰਿਦਾ ਹੈ ਕ ਿਜੇਕਰ ਉਹ ਸਮੱਸਆਿ ਪੈਦਾ ਕਰੇਗੀ, ਤਾਂ ਉਸ ਨੂੰ ਸਥਾਈ ਵੀਜ਼ੇ 'ਤੇ ਸਪਾਂਸਰ ਹੋਣ ਦਾ ਕੋਈ ਮੌਕਾ ਨਹੀ ਦੱਿਤਾ  ਜਾਵੇਗਾ। ਜਨਿਸੀ ਸ਼ੋਸ਼ਣ ਕਰਨਾ ਕਾਨੂੰਨ ਦੇ ਖ਼ਲਿਾਫ ਹੈ, ਅਤੇ ਇਨ੍ਹਾਂ ਨਵੇਂ ਅਪਰਾਧਾਂ ਦੇ ਤਹਤਿ, ਨੌਂਿਤਆਿ ਦੇ ਬੌਸ ਨੂੰ ਉਸਦੀ ਵੀਜ਼ਾ ਸਥਤਿੀ ਦੀ ਵਰਤੋਂ ਕਰਕੇ ਉਸਦਾ ਸ਼ੋਸ਼ਣ ਕਰਨ ਲਈ ਵਧੀਕ ਅਪਰਾਧਕਿ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। |

ਪ੍ਰਵਾਸੀ ਕਾਮਆਿਂ ਦੇ ਅਧਕਿਾਰ

ਨਵੇਂ ਪ੍ਰਵਾਸੀ ਕਾਮਆਿਂ ਦੇ ਸ਼ੋਸ਼ਣ ਕਾਨੂੰਨ